# ਭਾਗ 5

ਪਿਛਲੇ ਲੇਖ ਵਿਚ ਦਸਿਆ ਜਾ ਚੁਕਾ ਹੈ, ਕਿ ਅਸੀਂ ਜੋ ਭੀ :—

ਖ਼ਿਆਲ
ਚਿਤਵਨੀ
ਕਲਪਨਾ
ਨਿਸਚਾ
ਭਾਵਨਾ
ਵਿਓਂਤ
ਕਰਮ
ਧਰਮ
ਕ੍ਰਿਆ

ਕਰਦੇ ਹਾਂ—ਸਭ ਮਾਇਕੀ ਮੰਡਲ ਦੀ 'ਹਉਮੈ' ਅਥਵਾ 'ਦੂਜੇ ਭਾਵ' ਦੇ 'ਭਰਮ-ਗੜ੍ਹ' ਦੇ ਹਨੇਰ ਵਿਚ ਹੀ ਕਰਦੇ ਹਾਂ, ਜਿਸ ਕਾਰਨ ਸਾਡਾ ਸਾਰਾ ਜੀਵਨ 'ਭਰਮ-ਭੁਲਖਿਆਂ' ਦੇ 'ਅੰਧ ਗੁਬਾਰ' ਵਿਚ ਹੀ ਖੱਚਤ ਅਤੇ ਪ੍ਰਵਿਰਤ ਹੈ।

ਇਹ ਭਰਮ-ਭੁਲੇਖਿਆਂ ਦੀ 'ਛਾਇਆ' ਯਾ 'ਹਨੇਰ' ਸਾਰੇ 'ਜਗਤ' ਅਥਵਾ 'ਸੰਸਾਰ' ਨੂੰ 'ਭੂਤ-ਪ੍ਰੇਤ' ਵਾਂਗ, ਚਿੰਬੜਿਆ ਹੋਇਆ ਹੈ,

ਜਿਸ ਵਿਚ :—

ਪੜ੍ਹੇ-ਲਿਖੇ
ਸਿਆਣੇ
ਚਤੁਰ
ਗਿਆਨੀ
ਧਿਆਨੀ
ਪੰਡਤ
ਬੁਧੀ-ਜੀਵੀ
ਵਿਗਿਆਨੀ



# Lekh 72 Part 5 Bharam (Illusion)

In the last lekh (article) it has been narrated that whatever:-

thought
thinking
imagination
belief
desire
plan
action
religious practice
religious rite

we carry out – are all carried out in the darkness of the 'fort of illusion' of the 'egotism' of the materialistic realm or 'second love', the result of which all our life passes absorbed and entrenched in the 'pitch darkness' of 'doubt-fallacy'.

The 'shadow' or 'darkness' of 'doubt-fallacies' is embracing the whole 'world' just like a spirit or 'ghost' in which are included:-

the educated
the clever
the cunning
the learned
the meditator
the scholar
the wise
the scientist

ਧਰਮੀ
ਜਪੀ
ਤਪੀ
ਹਠੀ
ਜੋਗੀ
ਤਿਆਗੀ
ਉਦਾਸੀ
ਸੰਨਿਆਸੀ
ਭਲੇ-ਭਲੇਰੇ
ਅਫਲਾਤੂਨ
ਪ੍ਰਮਾਰਥੀ

ਭੀ ਪਰਵਿਰਤ ਹਨ !!

ਇਸੁ ਜੁਗ ਮਹਿ ਭਗਤੀ ਹਰਿ ਧਨ ਖਟਿਆ
ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥......

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥

(ਪੰਨਾ—852)

ਬ੍ਰਹਮਾ ਬਿਸਨੁ ਮਹੇਸ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥
ਪੰਡਿਤ ਪੜਹਿ ਪੜਿ ਵਾਦ ਵਖਾਣਹਿ ਤਿੰਨਾ ਬੂਝ ਨ ਕਾਈ ॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਰਹਿ ਕਿਸੁ ਭਾਈ ॥

(ਪੰਨਾ—909)

ਪਰ ਹੈਰਾਨੀ ਦੀ ਗਲ ਤਾਂ ਇਹ ਹੈ, ਕਿ ਸਾਡੇ ਵਿਚੋਂ ਕੋਈ 'ਜੀਵ' ਭੀ ਇਹ 'ਮੰਨਣ' ਨੂੰ ਤਿਆਰ ਨਹੀਂ ਹੈ, ਕਿ ਉਹ ਭਰਮ-ਭੁਲੇਖਿਆਂ ਵਿਚ ਗਲਤਾਨ ਹੈ। ਇਸ ਦੇ ਉਲਟ, ਹਰ ਇਕ ਜੀਵ ਏਹੋ ਹੀ ਸਮਝੀ ਬੈਠਾ ਹੈ ਕਿ ਉਹ ਦੂਜਿਆਂ ਨਾਲੋਂ ਸਿਆਣਾ ਤੇ ਭਲਾ-ਭਲੇਰਾ ਹੈ। ਬਲਕਿ ਮਨੁਖ ਨੂੰ ਇਹ ਦ੍ਰਿੜ ਨਿਸਚਾ ਹੈ, ਕਿ ਉਹ ਵਿਦਿਅਕ ਅਤੇ ਵਿਗਿਆਨਕ ਨਵੀਨ ਰੋਸ਼ਨੀ ਦਾ ਮਾਲਕ ਹੈ। ਇਸ ਲਈ 'ਭਰਮ' ਦਾ ਹਨੇਰ ਉਸ ਦੇ ਨੇੜੇ ਨਹੀਂ ਆ ਸਕਦਾ। ਇਹ ਭਰਮ ਭੁਲੇਖਿਆਂ ਦਾ ਹਨੇਰ ਬਾਕੀ ਹੋਰਨਾਂ ਨੂੰ ਹੀ ਚਿੰਬੜਿਆ ਹੋਵੇਗਾ !! ਮੈਨੂੰ ਨਹੀਂ !!



the pious
the worshipper
the devotee
the obstinate
the ascetic
the recluse
the hermit
the mendicant
the noble or virtuous
the smart (like Pluto)
(and) the religious.

1 *In this age, the devotee earns the wealth of the Lord; all the rest of the world wanders deluded in doubt.........*
*Brahma, Vishnu and Shiva wander in the three qualities, while their egotism and desire increase.*
*The Pandits, the religious scholars and the silent sages read and debate in confusion; their consciousness is centered on the love of duality.*
*The Yogis, wandering pilgrims and Sanyaasees are deluded; without the Guru, they do not find the essence of reality.* *852*

2 *The three forms of Brahma, Vishnu and Shiva are trapped in the three qualities, lost in confusion. .......*
*The Pandits, the religious scholars, read, study and discuss the arguments; they do not understand. ||18||*
*Engrossed in corruption, they wander in confusion; who can they possibly instruct, O Siblings of Destiny?* *909*

But the surprising thing is that none among us is willing to 'acknowledge' that he is deeply engrossed in doubt-fallacy. On the contrary, every being thinks that he is better and nobler than the others. Moreover, man has firm belief that he is the master of educational and scientific modern illumination. Therefore, the darkness of 'illusion' cannot even come near him. This 'darkness' of doubt-fallacy' might be clinging to others but not him!

ਜਦ ਭਰਮ-ਭੁਲੇਖਿਆਂ ਦੀ 'ਪਾਣ' (galvanisation) ਧਰਮ ਯਾ ਮਜ਼ਹਬ ਨੂੰ ਚੜ੍ਹ ਜਾਵੇ ਤਾਂ ਬੇਲੋੜੇ, ਵਾਦ-ਵਿਵਾਦ, ਲੜਾਈ, ਝਗੜੇ, ਜ਼ੁਲਮ ਆਦਿ, ਸਭ 'ਧਾਰਮਿਕ ਪ੍ਰਵਾਨਗੀ' ਹੇਠ ਕੀਤੇ ਜਾਂਦੇ ਹਨ।

ਗੁਰਬਾਣੀ ਵਿਚ ਅਧਿਆਤਮਿਕ ਮੰਡਲ ਦੀ ਰੋਸ਼ਨੀ ਦੇ ਮੁਕਾਬਲੇ ਤੇ ਸਾਡੀ ਭਰਮ-ਭੁਲੇਖੇ ਵਾਲੀ ਦਿਮਾਗੀ ਸਿਆਣਪ ਤੇ ਚਤੁਰਾਈ ਨੂੰ ਇਉਂ ਦਰਸਾਇਆ ਹੈ :—

**ਕਥਨੀ ਕਹਿ ਭਰਮੁ ਨ ਜਾਈ ॥**
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ—655)

**ਬਹੁਤ ਸਿਆਣਪ ਭਰਮੁ ਨ ਜਾਇ ॥**
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥
(ਪੰਨਾ—1025)

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
**ਅਵਰੁ ਕਿ ਬਹੁਤਾ ਪੜਹਿ** ਉਠਾਵਹਿ ਭਾਰੁ ॥ (ਪੰਨਾ—1261)

**ਮਨਮੁਖੁ ਅੰਧੁ ਕਰੇ ਚਤੁਰਾਈ ॥** ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
**ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥**
(ਪੰਨਾ—1014)

ਭਰਮ-ਭੁਲੇਖਿਆਂ ਵਿਚ ਗ੍ਰਸੇ ਹੋਏ **ਸਮੁਚੇ ਜਗਤ ਨੂੰ, ਆਪਣੀ ਗੁਝੀ 'ਅਗਿਆਨਤਾ' ਦੀ ਬਾਬਤ** :—

**ਪਤਾ ਹੀ ਨਹੀਂ**
**ਸੋਝੀ ਹੀ ਨਹੀਂ**
**ਚਿੰਤਾ ਹੀ ਨਹੀਂ**
**ਗਿਆਨ ਹੀ ਨਹੀਂ**
**ਜਾਨਣ ਦੀ ਲੋੜ ਹੀ ਨਹੀਂ ਭਾਸਦੀ !**

ਹੈਰਾਨੀ ਦੀ ਗਲ ਤਾਂ ਇਹ ਹੈ, ਕਿ 'ਜੀਵ' ਇਹਨਾਂ **ਭਰਮ-ਭੁਲੇਖਿਆਂ ਦੇ ਹਨੇਰੇ-ਖਾਤੇ ਵਿਚ ਵਿਚਰਦਾ ਹੋਇਆ, ਸਾਰੀ ਉਮਰ ਪਲਚ ਪਲਚ ਕੇ ਦੁਖੀ ਹੁੰਦਾ ਰਹਿੰਦਾ ਹੈ, ਪਰ ਫੇਰ ਭੀ ਇਸ 'ਅੰਧ-ਗੁਬਾਰ' ਵਿਚੋਂ ਨਿਕਲਨ ਦਾ ਕਦੇ ਖ਼ਿਆਲ ਹੀ ਨਹੀਂ ਆਉਂਦਾ !!**

ਹਰ ਇਕ ਜੀਵ ਨੇ ਆਪਣੇ ਵਾਤਾਵਰਨ ਅਤੇ ਲੋੜ ਅਨੁਸਾਰ ਕੋਈ ਨ ਕੋਈ



When a religion or a religious creed is subject to the 'galvanistion' of doubt-fallacy, unnecessary quarrels, fights, arguments, tyranny etcetera take place with the stamp of 'religious approval'

Gurbani illustrates the comparison between the illumination of the spiritual realm and our intellectual cleverness with doubt-fallacies as follows:

1 *By preaching sermons, one's doubt is not dispelled.*
*Everyone is tired of preaching and teaching.* 655

2 *Even great cleverness does not dispel doubt.*
*The unconscious fool does not remain conscious of the Lord; he putrefies and rots away to death, carrying his heavy load of sin.* 1025

3 *O Pandit, O religious scholar, reflect on this in your mind.*
*Why do you read so many other things, and carry such a heavy load?* 1261

4 *The blind, self-willed manmukhs practice cleverness.*
*They do not surrender to the Lord's Will, and suffer terrible pain.*
*Deluded by doubt, they come and go in reincarnation; they never find the Mansion of the Lord's Presence.* 1014

The whole world engrossed in doubt-fallacies:-

does not know
is not aware
is not concerned
has no knowledge
does not even feel the need to know

about its hidden 'ignorance'!

The surprising thing is that 'man', passing through the dark-pit of these fallacies, continues to suffer by being engrossed and enmeshed in them, but despite this, it does not occur to him to come out of this 'pitch-darkness'!

Every man follows some religious creed or religion

ਮਜ਼ਹਬ ਯਾ ਧਰਮ ਅਪਨਾਇਆ ਹੋਇਆ ਹੈ ਅਤੇ ਉਸ ਧਰਮ ਦੀ ਮਰਿਆਦਾ ਅਤੇ ਅਸੂਲਾਂ ਅਨੁਸਾਰ :—

ਪਾਠ
ਪੂਜਾ
ਕਰਮ
ਰਹਿਤਾਂ
ਕਿਰਿਆ
ਹਠ
ਜਪ
ਤਪ
ਜੋਗ
ਗਿਆਨ
ਸਾਧਨਾ

ਆਦਿ ਕਰਦਾ ਹੈ ਅਤੇ ਇਸ **ਧਾਰਮਿਕ ਕਰਮ-ਕਿਰਿਆ ਨੂੰ ਹੀ ਆਪਣੀ ਆਤਮਿਕ ਕਲਿਆਨ ਦੀ ਮੰਜ਼ਿਲ ਸਮਝੀ ਬੈਠਾ ਹੈ।**

ਪਰ ਸਾਡੀ ਆਤਮਿਕ ਮੰਜ਼ਿਲ ਤਾਂ **ਅਤਿਅੰਤ ਉਚੇਰੀ ਆਤਮਿਕ ਮੰਡਲ ਦੀ 'ਖੇਲ'** ਹੈ ਜਿਸ ਨੂੰ ਗੁਰਬਾਣੀ ਵਿਚ :—

**ਨਾਮੁ**
**ਸਹਿਜ**
**ਸਬਦੁ**
**ਹੁਕਮ**
**ਪ੍ਰੇਮ-ਭਗਤ**

ਆਦਿ, **ਨਾਵਾਂ** ਨਾਲ ਦਰਸਾਇਆ ਗਿਆ ਹੈ। ਪਰ ਅਸੀਂ ਇਹਨਾਂ ਬਾਹਰਮੁਖੀ ਕਰਮ-ਕਾਂਡਾਂ ਵਿਚ ਇਤਨੇ ਗਲਤਾਨ ਹੋ ਜਾਂਦੇ ਹਾਂ-ਕਿ ਅਸੀਂ ਆਪਣੇ **ਉਚੇ-ਸੁਚੇ ਆਤਮਿਕ-ਮੰਡਲ ਦੀ 'ਮੰਜ਼ਿਲ' ਤੋਂ** :—

ਬੇਖਬਰ
ਅਨਜਾਣ



according to his environment and need and according to the rules and tradition of that religion he:-

reads scripture
worships
performs rituals
observing the prescribed religious tenets
performing rites
perseveres
contemplates
performs penances
adopts yogic postures
acquires knowledge
disciplines

himself and regards these religious rites-rituals as the destination or goal of his spiritual salvation.

But our spiritual destination is the 'play' of the very lofty spiritual realm which has been described in Gurbani as:-

Naam
Tranquility (calmness)
Shabad (Word)
Hukum (Command Will)
Devotional worship etc.

In fact we have become so absorbed in the outward rituals and ceremonies that we remain

uninformed
ignorant

L72-4

ਬੇਪ੍ਰਵਾਹ

ਅਵੇਸਲੇ

ਬੇਮੁਖ

**ਜਾਣ ਬੁਝ ਕੇ ਮਚਲੇ ਹੋਏ ਰਹਿੰਦੇ ਹਾਂ।**

ਅਸੀਂ ਇਹ ਗਲ ਭੁਲ ਜਾਂਦੇ ਹਾਂ, ਕਿ ਇਹ ਬਾਹਰਮੁਖੀ ਸਰੀਰਕ ਅਤੇ ਮਾਨਸਿਕ ਕਰਮ ਕਿਰਿਆ ਤੇ ਸਾਧਨਾ :—

| | | |
|---|---|---|
| ਯਤਨ ਹਨ | — | **ਨਤੀਜਾ ਨਹੀਂ** |
| ਸਾਧਨ ਹਨ | — | **ਪੂਰਨਤਾ ਨਹੀਂ** |
| ਪੌੜੀਆਂ ਹਨ | — | **ਸ਼ਿਖਰ ਨਹੀਂ** |
| ਯਾਤਰਾ ਹੈ | — | **ਮੰਜ਼ਿਲ ਨਹੀਂ** |
| ਕਲਾਸਾਂ ਹਨ | — | **ਡਿਗਰੀ ਨਹੀਂ** |
| ਗਿਆਨ ਹੈ | — | **ਜੀਵਨ ਨਹੀਂ** |
| ਫੁਲ ਹੈ | — | **ਮਹਿਕ ਨਹੀਂ** |
| ਬਲਬ ਹੈ | — | **ਰੋਸ਼ਨੀ ਨਹੀਂ** |

ਅਸਲ ਵਿਚ, 'ਨਾਮੁ' ਅਥਵਾ 'ਸਬਦੁ' ਰੂਪੀ **'ਆਤਮਿਕ ਧਰਮੁ' ਦੀ ਮੰਜ਼ਿਲ ਨੂੰ**

**ਬੁਝਣ**

**ਸੋਝਣ**

**ਪਹਿਚਾਨਣ**

**ਕਮਾਉਣ**

**ਮਾਣਨ**

**ਲਈ** ਬਾਹਰਲੇ 'ਮਾਨਸਿਕ ਧਰਮ' ਰਚੇ ਗਏ ਸਨ। ਇਹਨਾਂ ਧਰਮਾਂ ਦੇ ਪਾਠ, ਪੂਜਾ, ਵਿਚਾਰ, ਕਰਮ-ਕ੍ਰਿਆ, ਮਰਿਆਦਾ, ਲਿਬਾਸ, ਧਾਰਮਿਕ ਚਿਨ੍ਹ, ਕੇਵਲ ਅੰਦਰਲੀ ਸੂਖਮ, ਅਦ੍ਰਿਸ਼ਟ ਆਤਮਿਕ ਭਾਵਨਾ, ਜਾਂ **ਦੇਵੀ ਗੁਣਾਂ ਨੂੰ ਪ੍ਰਗਟ ਕਰਨ ਲਈ ਸਥੂਲ 'ਸੰਕੇਤ' ਹੁੰਦੇ ਹਨ।** ਪਰ, ਅਸੀਂ ਇਹਨਾਂ 'ਸੰਕੇਤਾਂ' ਨੂੰ ਨਾ ਸਮਝਦੇ ਹੋਏ, ਸਿਰਫ਼ 'ਚਿੰਨ੍ਹਾਂ' ਨੂੰ ਲਿਪਟ ਕੇ 'ਧਰਮੀ' ਬਣ ਬੈਠੇ ਹਾਂ।

ਜਿਸ ਗਹਿਰੇ ਮਨੋਰਥ ਨਾਲ, ਗੁਰੂਆਂ ਅਵਤਾਰਾਂ ਨੇ ਸਾਨੂੰ ਇਹ ਚਿੰਨ੍ਹ, ਆਦਿ ਬਖਸ਼ੇ ਸਨ, ਉਹਨਾਂ ਦੀ **ਅੰਦਰਲੀ, ਦੇਵੀ, ਸੂਖਮ, ਸਵਾਦਲੀ 'ਮੂਲ-ਭਾਵਨਾ' ਤੋਂ ਵਾਂਝੇ ਹੋ ਕੇ,** ਬਾਹਰਲੇ ਕਰਮ-ਕਾਂਡਾਂ ਦੇ ਜਾਲ ਵਿਚ ਫਸ ਕੇ, ਅਸੀਂ ਆਪਣੀ ਬਹੁਤ ਸਾਰੀ ਘਾਲਨਾ, ਸਮਾਂ ਅਤੇ ਧਨ ਗਵਾਉਂਦੇ ਹਾਂ।



careless

indifferent

defiant

towards our 'destination' of our lofty-pure spiritual realm or we knowingly remain pretentious.

We forget that these external physical and mental rites-rituals and disciplines:-

| | | |
|---|---|---|
| are efforts | - | not the result |
| are methods | - | not the fulfillment |
| are ladders | - | not the summit |
| is a journey | - | not the destination |
| are classes | - | not the degree |
| is knowledge | - | not life |
| is a flower | - | not the fragrance |
| is a bulb | - | not the illumination. |

In reality the external 'intellectual religions' were created to

discover

research

recognise

cultivate (and)

enjoy

the destination of 'Naam' or 'Shabad' orientated 'spiritual religion'. The recitation of scriptures, worship, discussion, rites-rituals, code of conduct, dress, religious symbols of these external 'intellectual religions' express the internal abstract, invisible spiritual desire or they manifest the divine virtues through 'symbols'. But we, not understanding these 'symbols' are regarding ourselves as 'religious' by just clinging to them.

We, having deprived ourselves of the internal, divine, subtle, flavour filled (basic desire) of the Gurus, incarnations who with profound foresight gave us these symbols and by having become entangled in the external rites-rituals are wasting much of our effort, time and money.

**ਅਧੂਰੀ ਧਾਰਮਿਕ ਪ੍ਰਾਪਤੀ ਦਾ ਮਨੋਕਲਪਤ 'ਦਿਮਾਗੀ ਨਿਸਚਾ' ਹੀ** ਸਾਡਾ ਵੱਡਾ

**ਧਾਰਮਿਕ ਭਰਮ-ਭੁਲੇਖਾ ਹੈ ।**

ਜਿਸ ਵਿਚ ਸਾਰੀ ਖਲਕਤ ਪ੍ਰਵਿਰਤ ਹੈ । ਇਸ ਧਾਰਮਿਕ ਭਰਮ-ਗੜ੍ਹ ਨੂੰ ਬੁਝਣਾ ਅਤੇ ਤੋੜਨਾ ਅਤਿਅੰਤ ਕਠਿਨ ਹੈ ।

ਗੁਰਬਾਣੀ ਵਿਚ ਇਸ ਧਾਰਮਿਕ 'ਭਰਮ-ਗੜ੍ਹ' ਦੀ ਬਾਬਤ ਇਉਂ ਤਾੜਨਾ ਕੀਤੀ ਹੈ ।

ਅਨਿਕ ਜਤਨ ਨਿਗ੍ਰਹ ਕੀਏ **ਟਾਰੀ ਨ ਟਰੈ ਭ੍ਰਮ ਫਾਸ** ॥ (ਪੰਨਾ—346)

ਅਨੋਖੀ ਗਲ ਤਾਂ ਇਹ ਹੈ, ਕਿ ਅਸੀਂ ਆਪ ਇਸ ਧਾਰਮਿਕ ਭਰਮ-ਭੁਲੇਖਿਆਂ ਵਿਚ ਵਿਚਰਦੇ ਹਾਂ ਅਤੇ ਇਹਨਾਂ 'ਭਰਮ-ਭੁਲੇਖਿਆਂ' ਦਾ ਹੀ ਪ੍ਰਚਾਰ ਕਰਦੇ ਹਾਂ । ਇਸ ਤਰ੍ਹਾਂ ਅਸੀਂ ਭੋਲੀ-ਭਾਲੀ ਜਨਤਾ ਨੂੰ ਭੰਬਲ-ਭੂਸਿਆਂ ਵਿਚ ਪਾਉਣ ਨੂੰ ਹੀ, ਆਪਣਾ ਧਾਰਮਿਕ ਫ਼ਰਜ਼ ਅਤੇ ਵਡਿਆਈ ਸਮਝਦੇ ਹਾਂ ।

ਬਾਹਰਮੁਖੀ ਧਰਮ ਦੇ ਭੁਲੇਖਿਆਂ ਤੋਂ ਇਲਾਵਾ, **ਅੰਤ੍ਰਮੁਖੀ ਪ੍ਰਮਾਰਥਿਕ ਭੁਲੇਖੇ ਭੀ ਹਨ**—ਜੋ ਹੋਰ ਭੀ **ਸੂਖਮ ਤੇ ਸਬੱਲ ਹਨ ।**

ਜਦ ਅੰਤਰਮੁਖੀ ਹੋ ਕੇ ਇਕਾਗਰ ਮਨ ਨਾਲ ਪਾਠ, ਪੂਜਾ, ਭਜਨ, ਕੀਤਾ ਜਾਂਦਾ ਹੈ ਤਾਂ—

ਰਿੱਧੀਆਂ-ਸਿੱਧੀਆਂ
ਨਾਟਕ-ਚੇਟਕ
ਤਾਂਤ੍ਰਿਕ-ਜਾਦੂ
ਕਰਾਮਾਤਾਂ
ਵਾਕ-ਸਿੱਧੀ
ਭਵਿਖ-ਬਾਣੀ
ਅੰਤਰਯਾਮਤਾ
ਭੂਤਾਂ-ਪ੍ਰੇਤਾਂ ਤੇ ਵਸੀਕਰਣ
ਜੰਤ੍ਰ-ਮੰਤ੍ਰ ਦੀਆਂ ਸ਼ਕਤੀਆਂ

ਆਦਿ, ਅਨੇਕਾਂ ਗੁਪਤੀ ਤੇ ਅਸਚਰਜਮਈ ਸ਼ਕਤੀਆਂ (Occult powers) ਸਹਿਜ-ਸੁਭਾਇ ਪ੍ਰਾਪਤ ਹੋ ਜਾਂਦੀਆਂ ਹਨ । ਇਹ ਗੁਪਤੀ ਸ਼ਕਤੀਆਂ (Occult powers) ਬਿਰਤੀ **ਸੁਰਤੀ ਦੀ ਇਕਾਗਰਤਾ ਤੋਂ ਉਪਜਦੀਆਂ ਹਨ ।**



The imagined 'intellectual faith or belief' in the imperfect religious evolvement is indeed our huge

religious illusion

in which abides the whole mankind. It is very difficult to discover and destroy this religious fort of illusion.

In Gurbani warning about this religious 'fort of illusion' is given as follows:-

*I have tried many methods, but by turning it away, the noose of doubt is not turned away.* *346*

The strange thing is that we ourselves are passing through these illusions and are even preaching them. In this way we put simple or unsuspecting people in confusion and regard this as our praiseworthy religious duty.

Besides the external religious illusions, there are also internal spiritual illusions which are even more subtle and powerful.

When recitation of scripture, worship, meditation are done with the mind focused inwards, then various hidden occult powers such as:-

miracles
bewitching dramas
charms
supernatural happenings
power of the spoken word
prophesy
telepathy
controlling of ghosts or spirits
black magic

are automatically obtained. These invisible occult powers sprout or arise from the concentrated, focused attention (of the mind).

ਜਗਿਆਸੂ ਨੂੰ ਜਦ ਇਹ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ, ਤਾਂ ਉਹ ਇਹਨਾਂ ਅਦਭੁਤ ਚਮਤਕਾਰਾਂ ਅਤੇ ਕ੍ਰਿਸ਼ਮਿਆਂ ਨੂੰ ਦੇਖ ਕੇ ਹੈਰਾਨ ਹੋ ਜਾਂਦਾ ਹੈ ਅਤੇ ਸਹਿਜੇ ਸਹਿਜੇ ਇਹਨਾਂ ਸ਼ਕਤੀਆਂ ਨੂੰ ਆਪਣੀ 'ਵਾਹੁ-ਵਾਹੁ' ਯਾ 'ਗ਼ਰਜ਼' ਲਈ ਵਰਤਣਾ ਸ਼ੁਰੂ ਕਰ ਦਿੰਦਾ ਹੈ, ਤੇ ਇਹਨਾਂ ਵਿਚ ਹੀ ਗਲਤਾਨ ਹੋ ਜਾਂਦਾ ਹੈ—ਜਿਸ ਨਾਲ ਉਸ ਦੀ ਅਗਲੇਰੀ ਆਤਮਿਕ ਤਰੱਕੀ ਰੁਕ ਜਾਂਦੀ ਹੈ। ਇਹਨਾਂ ਸ਼ਕਤੀਆਂ ਨੂੰ

'ਆਤਮਿਕ ਪ੍ਰਾਪਤੀ' ਸਮਝਣਾ ਹੀ
ਸਬੱਲ 'ਭਰਮ-ਭੁਲੇਖਾ' ਹੈ।

The more our thoughts are concentrated and condensed—the more our mind becomes powerful and dynamic, with which many psychic phenomena can be performed, such as :—

hypnotism
mesmerism
psychic miracles
black magic
witch power
mind reading
divine healing
jugglery
auto suggestion, etc.

These so-called mystic and supernatural phenomena are the outcome, exhibition and projection of concentrated and condensed thoughts and intense feelings—good or bad. Therefore, they belong to the domain of 'Mind Power' only.

But in our ignorance, we have extolled these psychic phenomena and powers to a very high degree, thus giving them religious and spiritual colours !

But when we are tempted to use these sublime powers—

for selfish materialistic ends,
to feed and boost our 'Ego',
to exhibit spiritual achievements,
to entertain the curiosity of people,



When the truth-seeker acquires these powers, he gets surprised seeing the wonderful and marvellous miracles and supernatural happenings and gradually he begins to use these powers for his own 'fame' or 'self-interest'; he becomes deeply engrossed in these as a result of which his oncoming spiritual progress stops. Regarding these powers as

spiritual evolvement is
indeed a powerful 'illusion'.

The more our thoughts are concentrated and condensed—the more our mind becomes powerful and dynamic, with which many psychic phenomena can be performed, such as :—

hypnotism
mesmerism
psychic miracles
black magic
witch power
mind reading
divine healing
jugglery
auto suggestion, etc.

These so-called mystic and supernatural phenomena are the outcome, exhibition and projection of concentrated and condensed thoughts and intense feelings—good or bad. Therefore, they belong to the domain of 'Mind Power' only.

But in our ignorance, we have extolled these psychic phenomena and powers to a very high degree, thus giving them religious and spiritual colours !

But when we are tempted to use these sublime powers—

for selfish materialistic ends,
to feed and boost our 'Ego',
to exhibit spiritual achievements,
to entertain the curiosity of people,

to attract and allure large number of admirers and followers,

to exalt our religious or spiritual personality,
to publicize our name, fame and 'holiness',

we are degrading, disgracing, mis-using, spirituality and interfering in the natural Flow of Divine Life-Current. Therefore it is un-natural, harmful and sinful against the Divine Will.

We are so obsessed by miracles of psychic phenomena, that we fail to grasp and appreciate the Real Esoteric Wonders of Divine Bliss and Love, incessantly flowing through, engulfing and manifesting in every particle of the Cosmos. Thereby, we deprive ourselves of the awe-inspiring, thrilling, intoxicating, inner intuitional experience of Divine Grace.

To be engrossed in these physic phenomena is a *great misconception and illusion* on the path of spiritualism.

ਗੁਰਬਾਣੀ ਵਿਚ ਇਹਨਾਂ **ਰਿੱਧੀਆਂ-ਸਿੱਧੀਆਂ ਪ੍ਰਥਾਇ** ਇਉਂ ਨਿਰਣਾ ਦਿਤਾ ਗਿਆ ਹੈ :—

ਬਿਨੁ ਨਾਵੈ ਪੈਨਣੁ ਖਾਣੁ ਸਭ ਬਾਦਿ ਹੈ
**ਧਿਗੁ ਸਿਧੀ ਧਿਗੁ ਕਰਮਾਤਿ ॥** (ਪੰਨਾ—650)
**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥** (ਪੰਨਾ—593)
ਆਪਿ ਨਾਥੁ ਨਾਥੀ ਸਭ ਜਾ ਕੀ **ਰਿਧਿ ਸਿਧਿ ਅਵਰਾ ਸਾਦ ॥** (ਪੰਨਾ—6)

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥** (ਪੰਨਾ—14)
**ਰਿਧਿ ਸਿਧਿ ਨਿਧਿ ਸਭ ਗੋਲੀਆਂ**
**ਸਾਧਿਕ ਸਿਧ ਰਹੇ ਲਪਟਾਈ ॥** (ਵਾ: ਭਾ: ਗੁ: 23/5)
**ਰਿਧਿ ਸਿਧਿ ਨਿਧਿ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ ॥......**

ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ ॥
ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤਿ ਲਵੇਰੇ ॥ (ਵਾ: ਭਾ: ਗੁ: 5/7)



to attract and allure large number of admirers and followers,

to exalt our religious or spiritual personality,
to publicize our name, fame and 'holiness',

we are degrading, disgracing, mis-using, spirituality and interfering in the natural Flow of Divine Life-Current. Therefore it is un-natural, harmful and sinful against the Divine Will.

We are so obsessed by miracles of psychic phenomena, that we fail to grasp and appreciate the Real Esoteric Wonders of Divine Bliss and Love, incessantly flowing through, engulfing and manifesting in every particle of the Cosmos. Thereby, we deprive ourselves of the awe-inspiring, thrilling, intoxicating, inner intuitional experience of Divine Grace.

To be engrossed in these physic phenomena is a *great misconception and illusion* on the path of spiritualism.

In Gurbani the explanation regarding these 'miraculous powers' is given as follows:-

1 *Without the Name, all food and clothes are worthless; cursed is such spirituality, and cursed are such miraculous powers.* 650

2 *Riches and the supernatural spiritual powers of the Siddhas are all emotional attachments; through them, the Naam, the Name of the Lord, does not come to dwell in the mind.* 539

3 *He Himself is the Supreme Master of all; holding the reins of everything. Miraculous spiritual powers are all external tastes and pleasures (that keep man rooted in materialism)* 6

4 *If I were to become a Siddha, and work miracles, summon wealth and become invisible and visible at will, so that people would hold me in awe -seeing these, I might go astray and forget You, and Your Name would not enter into my mind.* 14

5 *All prosperities, miraculous powers and treasures are the servants of (Latchmi- the goddess of wealth) and many an accomplished person is engrossed in her. VBG 23/5*

6 *Occult and supernatural powers that involve incantations and spells in the end turn out to be hypocritical plays. .......* *VBG 5/7*
*The belief in the philosopher's stone, the jewel in the serpent's head and the miracle of life immortalising elixir are nothing but the darkness of ignorance.*
*Such people are steeped in worship (of idols), in fasting, uttering blessings or curses*

**ਸਿਧ ਨਾਥ ਬਹੁ ਪੰਥ ਹਉਮੈ ਵਿਚਿ ਕਰਨਿ ਕਰਮਾਤੀ ॥**
**ਚਾਰ ਵਰਨਿ ਸੰਸਾਰ ਵਿਚਿ ਖਹਿ ਖਹਿ ਮਰਦੇ ਭਰਮਿ ਭਗਤੀ ।**

(ਵਾ: ਭਾ: ਗੁ: 12/12)

ਅਸੀਂ ਇਨਾਂ ਰਿਧੀਆਂ, ਸਿਧੀਆਂ, ਕਰਾਮਾਤਾਂ ਤੋਂ ਇਤਨੇ 'ਪ੍ਰਭਾਵਿਤ' ਅਤੇ ਕਾਇਲ ਹੋ ਗਏ ਹਾਂ, ਕਿ ਇਹ 'ਕਰਾਮਾਤਾਂ ਹੀ ਸਾਡਾ **'ਪ੍ਰਮਾਰਥ'** ਤੇ **ਆਤਮਿਕ-ਅਵਸਥਾ ਦਾ ਨਾਪ** (Yard Stick) **ਬਣ ਚੁਕਿਆ ਹੈ ।**

ਇਸ ਤੋਂ ਇਲਾਵਾ ਜਦ ਬਿਰਤੀ **ਇਕਾਗਰ** ਹੁੰਦੀ ਹੈ ਤਾਂ ਜਗਿਆਸੂ ਦੇ ਮਨ ਵਿਚ ਕੁਝ :—

ਸ਼ਾਂਤੀ

ਠੰਢ

ਖੁਸ਼ੀ

ਸੁਖ

ਪ੍ਰਤੀਤ ਹੁੰਦਾ ਹੈ ।

ਇਸ ਅਲੌਕਿਕ ਤਜਰਬੇ ਨਾਲ ਜਗਿਆਸੂ ਸਮਝਦਾ ਹੈ ਕਿ ਉਹ ਕਿਸੇ ਉਚੇਰੀ ਆਤਮਿਕ ਅਵਸਥਾ ਵਿਚ ਪਹੁੰਚ ਗਿਆ ਹੈ, ਜੋ ਦੂਜਿਆਂ ਨਾਲੋਂ ਵਿਸ਼ੇਸ਼ ਤੇ ਉਚੀ ਹੈ । ਇਸ ਅਵਸਥਾ ਵਿਚ ਰਿੱਧੀਆਂ-ਸਿੱਧੀਆਂ ਦੇ ਚਮਤਕਾਰ ਸਹਿਜ-ਸੁਭਾਇ ਹੁੰਦੇ ਰਹਿੰਦੇ ਹਨ, ਜਿਸ ਨਾਲ ਜਗਿਆਸੂ ਦੇ ਮਨ ਵਿਚ **ਸੂਖਮ 'ਹਉਮੈ' ਆ ਜਾਂਦੀ ਹੈ**. ਜਿਸ ਕਾਰਨ ਉਹ ਸਮਝਦਾ ਹੈ ਕਿ ਉਹ ਕਿਸੇ ਆਤਮਿਕ ਮੰਜ਼ਿਲ ਤੇ ਪਹੁੰਚ ਗਿਆ ਹੈ । ਇਸ ਤਰਾਂ ਜਗਿਆਸੂ ਦੀ **ਆਤਮਿਕ ਤਰੱਕੀ ਰੁਕ ਜਾਂਦੀ ਹੈ** ਅਤੇ ਅਨਜਾਣੇ ਹੀ ਉਹ **'ਖੜਦੀ-ਕਲਾ' ਵਿਚ ਪ੍ਰਵਿਰਤ ਹੋ ਜਾਂਦਾ ਹੈ**. ਅਤੇ ਮਦਾਰੀ ਵਾਲੀ 'ਰਿਧਿ ਸਿਧਿ ਅਵਰਾ ਸਾਦ' ਵਿਚ ਗਲਤਾਨ ਹੋ ਕੇ, ਆਪਣਾ 'ਠਾਠ-ਬਾਠ' ਰਚਾ ਕੇ ਚੇਲਿਆਂ-ਚਾਟੜਿਆਂ ਵਿਚ **ਫਸ ਜਾਂਦਾ ਹੈ ।**

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥
**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥** (ਪੰਨਾ—1369)

**ਐਸੀ 'ਖੜਦੀ ਕਲਾ' ਨੂੰ ਆਤਮਿਕ ਮੰਜ਼ਿਲ ,ਸਮਝਣਾ ਹੀ ਜਗਿਆਸੂ ਦਾ ਵਡਾ 'ਭਰਮ-ਭੁਲੇਖਾ ਹੈ**—ਜਿਸ ਵਿਚ ਬੇਅੰਤ ਅਖੌਤੀ ਪੀਰ-ਫ਼ਕੀਰ, ਅਉਲੀਏ, ਜੋਗੀ, ਜਪੀ, ਤਪੀ **ਫ਼ਸੇ ਹੋਏ ਹਨ,** ਅਤੇ ਚੇਲਿਆਂ ਚਾਟੜਿਆਂ ਅਤੇ ਹੋਰਨਾਂ ਜਗਿਆਸੂਆਂ ਨੂੰ ਭੀ **ਪ੍ਰਮਾਰਥਿਕ 'ਭਰਮ-ਗੜ੍ਹ' ਦੇ ਮਨ-ਮੋਹਣੇ ਚਿਲਕਵੇਂ** ਨਾਟਕ-**ਚੇਟਕ ਦੇ ਡਰਾਮਿਆਂ** (miracles) **ਵਿਚ ਫਸਾਈ ਰਖਦੇ ਹਨ ।**



1 *The 'siddhas' and 'naths' controlled by ego and divided into many sects roam hither and thither showing miraculous feats.*
*All the four 'varnas' in the world going astray in delusion are clashing with one another.* *VBG12/12*

We have become so 'influenced' and convinced by these miraculous an supernatural powers that they have become a yard stick of our spiritual level.

In addition to this when the attention is focused, then the truth-seeker's mind experiences

calmness

coolness

happiness

comfort.

With this supernatural experience, the truth-seeker thinks that he has reached some lofty spiritual stage which is special and high as compared to others. As miracles and strange happenings keep taking place at this level, the seeker gets infected with subtle egotism and this causes him to think that he has reach some spiritual destination. Thus his spiritual progress stops and unknowingly he slips into a 'static state' and engrossed in the relish of other (non-divine) miraculous occult powers like a magician, he sets up his pomp and show thereby getting entangled with his followers and disciples.

2 *Kabeer has made many students and disciples, but he has not made God his friend.*
*He set out on a journey to meet the Lord, but his consciousness failed him half-way.* *1369*

Regarding such 'static-state' as the spiritual destination is ineed the truth-seekers big 'illusion' in which numerous so-called saints-hermits, faqirs, ascetics, worshippers, holy men are trapped and they keep their disciples and other truth-seekers entangled in the mind-bewitching glittering miracles of the spiritual 'fort of illusion'.

ਮਿਸਾਲ ਦੇ ਤੌਰ ਤੇ 'ਵਲੀ ਕੰਧਾਰੀ', 'ਮੀਆਂ ਮਿੱਠਾ', 'ਨੂਰ ਸ਼ਾਹ', 'ਗੋਰਖ ਨਾਥ', ਭਰਥਰੀ ਜੋਗੀ ਆਦਿ, ਦਾ ਇਤਿਹਾਸ ਵਿਚ ਜ਼ਿਕਰ ਆਇਆ ਹੈ, ਅਤੇ ਹੁਣ ਭੀ ਅਨੇਕਾਂ ਅਖੌਤੀ ਜੋਗੀ, ਸੁਆਮੀ, ਆਚਾਰੀਆ, ਗੁਰੂ, ਸਾਧ, ਸੰਤ ਕਈ ਕਿਸਮ ਦੀਆਂ ਯੋਗ ਸਾਧਨਾਵਾਂ, ਜਿਹਾ ਕਿ :—

ਜੋਗੀਆਂ ਵਾਲਾ ਯੋਗ
ਕੁੰਡਲਨੀ ਦਾ ਯੋਗ
ਹਠ ਯੋਗ
ਤਾਂਤ੍ਰਿਕ ਯੋਗ
ਜੰਤ੍ਰ-ਮੰਤ੍ਰ

ਆਦਿ, **ਅਨੇਕਾਂ ਨਾਵਾਂ ਹੇਠ, ਦੇਸ ਅਤੇ ਪ੍ਰਦੇਸ ਵਿਚ ਪ੍ਰਚਾਰ ਕਰਕੇ ਆਪੇ-ਆਪਣੇ ਪ੍ਰਮਾਰਥਿਕ ਜਾਲ ਵਿਛਾਈ ਫਿਰਦੇ ਹਨ** ਅਤੇ ਭੋਲੇ-ਭਾਲੇ ਜਗਿਆਸੂਆਂ ਨੂੰ ਇਹਨਾਂ **ਫੋਕੇ ਸਾਧਨਾਂ ਦੇ ਕੋਰਸ** (Course) **ਬੜੇ ਮਹਿੰਗੇ ਮੁਲ ਤੇ ਖੁਲੱਮ ਖੁੱਲਾ ਵੇਚ ਰਹੇ ਹਨ।** ਇਸ ਤਰਾਂ ਉਹ ਆਪਣੇ ਆਪ ਨੂੰ ਅਤੇ ਆਪਣੇ ਚੇਲਿਆਂ ਚਾਟੜਿਆਂ ਨੂੰ **ਅਸਲੀ ਸੱਚੀ-ਸੁੱਚੀ ਆਤਮਿਕ ਮੰਜ਼ਿਲ ਤੋਂ ਵਾਂਝਿਆਂ ਰਖਦੇ ਹਨ।**

ਇਹਨਾਂ **ਫੋਕੇ ਪ੍ਰਮਾਰਥਿਕ ਸਾਧਨਾਵਾਂ ਨੂੰ 'ਆਤਮਿਕ-ਮੰਜ਼ਿਲ' ਸਮਝਣਾ ਹੀ ਅਤਿਅੰਤ ਸੂਖਮ ਅਤੇ ਸਬੱਲ ਮਾਨਸਿਕ**

**ਭਰਮ-ਭੁਲੇਖਾ ਹੈ।**

ਇਹੀ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪ ਜਾ ਕੇ ਉਪਰ ਦਸੇ ਅਤੇ ਹੋਰ ਅਨੇਕਾਂ ਜੋਗੀਆਂ ਨੂੰ **ਉਹਨਾਂ ਦੇ ਫ਼ੋਕੇ ਜੋਗ ਵਿਚੋਂ ਕਢ ਕੇ 'ਨਾਮ' ਦਾ ਆਤਮਿਕ ਦਾਨ ਬਖਸ਼ਿਆ।**

ਇਹਨਾਂ ਅਧਿਆਤਮਿਕ ਭਰਮ-ਭੁਲੇਖਿਆਂ ਦੀ ਬਾਬਤ ਗੁਰਬਾਣੀ ਵਿਚ ਹੋਰ ਰੋਸ਼ਨੀ ਪਾਈ ਹੈ :—

ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥
ਨਾਨਕ ਤਿਹ ਪਰਮ ਸੁਖ ਪਾਇਆ ॥ (ਪੰਨਾ—258)
ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥ (ਪੰਨਾ—766)
ਮਨਮੁਖਿ ਭਰਮਿ ਭਵੈ ਬੇਬ਼ਾਣਿ ।। ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥



As examples we find mention of 'Wali Ghandari', Meeaan Mitha', Nur Shah', Gorakh Naath' etc. in history and even now there are many so-called ascetics, masters, religious scholars and teachers, gurus, holy men, saints who preach their won religious methods (of union with God) under various names such as:-

The yoga of the yogis
Kundalini yoga
Hatha Yoga
Tantric Yoga
Black Magic etc.

in their country and in foreign countries and thus keep their religions nets ready and openly they sell courses of these hollow or unproductive methods at a very high price to the virtuous, unsuspecting truth seekers. Thus they keep themselves, their followers and disciples deprived of the real true-pure spiritual destination.

Accepting these hollow spiritual methods as 'spiritual destination' is indeed a very subtle and poweful mental

illusion or doubt-fallacy.

This is why Guru Nanak Sahib Ji himself went to the above mentioned and other types of yogis and took them out of their hollow yoga and gave them the spiritual gift of 'Naam'.

In Gurbani more light is thrown on these spiritual illusions:-

1 *The angelic beings, goddesses and gods are deluded by doubt.*
*The Siddhas and seekers, and even Brahma are deluded by doubt.*
*Wandering around, deluded by doubt, people are ruined.*
*It is so very difficult and treacherous to cross over this ocean of Maya.*
*That Gurmukh who has eradicated doubt, fear and attachment,*
*O Nanak, obtains supreme peace.* 258

2 *I know nothing of Tantric spells, magical mantras and hypocritical rituals;*
*enshrining the Lord within my heart, my mind is satisfied.* 766

3 *The manmukhs are confused by doubt, wandering in the wilderness.*
*Having lost their way, they are plundered; they chant their mantras at*
*cremation grounds.* *(cont. reading the next page)* 941

ਸਬਦੁ ਨ ਚੀਨੈ ਲਵੈ ਕੁਬਾਣਿ ॥
ਨਾਨਕ ਸਾਚਿ ਰਤੇ ਸੁਖੁ ਜਾਣਿ ॥ (ਪੰਨਾ—941)

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧ ਬਹੁ ਵਾਦ ਵਧਾਵੈ ॥
**ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮੁ ਚਲਾਵੈ ॥**
**ਫੋਕਟ ਧਰਮੀ ਭਰਮ ਭੁਲਾਵੈ ॥** (ਵਾ.ਭਾ.ਗੁ. 1/18)

ਰਿਖੀ ਮੁਨੀ ਦਿਗੰਬਰਾ ਕਾਲਖ ਕਰਾਮਾਤ ਅਗਲੇਰੇ ॥
**ਸਾਧਕ ਸਿਧ ਅਗਣਤ ਹੀਨ ਆਪ ਜਣਾਇਨਿ ਵਡੇ ਵਡੇਰੇ ॥**
ਬਿਨ ਗੁਰ ਕੋਇ ਨ ਸਿਝਈ ਹਉਮੈ ਵਧਦੀ ਜਾਇ ਵਧੇਰੇ ॥ (ਵਾ.ਭਾ.ਗੁ. 40/9)

ਸਤਿਗੁਰ ਸਬਦ ਸੁਰਤਿ ਲਿਵ ਮੂਲ ਮੰਤ੍ਰ
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ ॥ (ਕ.ਭਾ.ਗੁ. 183)

ਇਸ ਧਰਤੀ ਦੇ ਉਦਾਲੇ ਅਥਾਹ 'ਪੁਲਾੜ' (Space) ਹੈ-ਜਿਸ ਵਿਚ ਅਣਗਿਣਤ ਵਡੇ ਛੋਟੇ 'ਗ੍ਰਹਿ' (planets) ਹਨ। ਇਹਨਾਂ ਗ੍ਰੈਹਾਂ ਅਥਵਾ ਨਖੱਤਰਾਂ ਵਿਚੋਂ 'ਧਰਤੀ' ਭੀ ਇਕ ਗ੍ਰਹਿ ਹੈ।

ਇਸ ਧਰਤੀ ਉਤੇ ਕੁਦਰਤ ਦੀ ਬੇਅੰਤ ਪ੍ਰਕਿਰਤੀ ਵਸਦੀ ਹੈ। ਇਸ ਪ੍ਰਕਿਰਤੀ ਵਿਚ ਅਨੇਕ :—

| | | |
|---|---|---|
| ਰੰਗ | — | ਰਾਗ |
| ਰਸ | — | ਕਸ |
| ਦੁਖ | — | ਸੁਖ |
| ਖੁਸ਼ੀ | — | ਗਮੀ |
| ਗਰਮੀ | — | ਸਰਦੀ |
| ਜੀਵਨ | — | ਮੌਤ |

ਆਦਿ, ਕਈ ਤਰੰਗਾਂ ਦਾ 'ਬੋਲ-ਬਾਲਾ ਤੇ ਵਰਤ-ਵਰਤਾਰਾ ਹੈ।

ਜਦ ਅਸੀਂ ਹਵਾਈ ਜਹਾਜ਼ ਉਤੇ ਚੜ ਜਾਂਦੇ ਹਾਂ ਤੇ ਇਸ ਧਰਤੀ ਦੇ ਸਾਰੇ ਰੰਗਾਂ-ਤਰੰਗਾਂ ਨੂੰ **ਹੇਠਾਂ ਛੱਡ ਜਾਂਦੇ ਹਾਂ** ਅਤੇ **'ਪੁਲਾੜ'** (Space) **ਵਿਚ ਜਾ ਵੜਦੇ ਹਾਂ।**

ਇਸ ਅਥਾਹ ਅਤੇ ਅਸਗਾਹ 'ਪੁਲਾੜ' ਵਿਚ ਕਿਸੇ ਕਿਸਮ ਦਾ 'ਜੀਵਨ' ਯਾ 'ਜੀਵਨ-ਖੇਲ-ਅਖਾੜਾ' ਨਹੀਂ ਹੈ। ਓਥੇ ਤਾਂ

ਰੁਖਾ
ਸੁਕਾ
ਫੋਕਾ



*They do not think of the Shabad; instead, they utter obscenities.*
*O Nanak, those who are attuned to the Truth know peace.* *941*

1 *Due to the tantra mantra and such hypocrisies, tensions, anger and quarrels have increased.*
*To promote self interests, different religion (having different practices) have been propagated....*
*The religious hypocrite gets deluded in doubt-fallacy* *VBG 1/18*

2 *Rishis, munis, naked Jain ascetics and many miracle makes knowing black magic are also known in this world.*
*Innumerable are the practitioners, yogis who publicise themselves as great persons.*
*None get liberated without the true Guru without whom their ego goes on increasing unchecked.* *VBG 40/8*

3 *Attaching the consciousness in the Naam or Word of the Satguru (Gurmantar) is indeed the mantara of mantras for the Sikhs of the Guru. They place no faith in any other tantar-mantar.* *KSBG 183*

Around this earth there is a great deal of space in which there are countless big and small planets. This earth is indeed one of the planets among them.

Nature's limitless creation is existing in this earth. Prevailing and flourishing in this creation are many waves of:-

| | | |
|---|---|---|
| merriment | - | melody |
| relish | - | delight |
| pain | - | pleasure |
| happiness | - | sorrow |
| heat | - | coldness |
| life | - | death etc. |

When we board an aeroplane, we leave all the merriment and emotions of the below and enter 'space'.

In this immeasurable and fathomless 'space', there is no 'life' or 'life-play-arena' of any kind. (Instead what one finds is the)

tasteless
dry
empty

ਰਸਹੀਣ
ਰੰਗਹੀਣ
ਇਕਾਂਤ
ਡਰਾਉਣੀ ਇਕੱਲ

ਦੀ 'ਸ਼ੂਨ' (**Emptiness or Zeroness**) ਛਾਈ ਹੋਈ ਹੈ ।

ਏਸੇ ਤਰਾਂ ਮਨੁਖ ਦੀ ਸਰੀਰਕ ਮਾਨਸਿਕ ਅਤੇ ਆਤਮਿਕ ਅਵਸਥਾਵਾਂ ਹਨ ।

ਸਰੀਰ ਰੂਪੀ 'ਧਰਤੀ' ਵਿਚ ਸਾਡਾ ਜੀਵਨ ਬਤੀਤ ਹੁੰਦਾ ਹੈ, ਅਤੇ ਆਪੋ ਆਪਣੇ ਕਰਮਾਂ ਅਨੁਸਾਰ ਦੁਖ-ਸੁਖ ਭੋਗਦੇ ਹਾਂ ਅਤੇ ਮਾਇਕੀ 'ਵਡ-ਖੇਲ ਤਮਾਸ਼ੇ' ਵਿਚ ਗਲਤਾਨ ਰਹਿੰਦੇ ਹਾਂ ।

ਸਾਡੇ 'ਜੀਵਨ' ਦੇ ਚਾਰ ਪੜਾਓ ਹਨ :—

1) ਸਰੀਰਕ ਜੀਵਨ
2) ਮਾਨਸਿਕ ਜੀਵਨ
3) ਧਾਰਮਿਕ ਜੀਵਨ
4) ਆਤਮਿਕ ਜੀਵਨ

ਜਦ ਜੀਵ ਸਰੀਰਕ ਅਤੇ ਮਾਨਸਿਕ ਜੀਵਨ ਦੇ 'ਖੇਲ-ਅਖਾੜੇ' ਤੋਂ **ਅਸੰਤੁਸ਼ਟ ਹੋ ਕੇ** ਸਿਮਰਨ ਦੁਆਰਾ ਬਿਰਤੀ ਨੂੰ **ਇਕਾਗਰ ਕਰਦਾ ਹੈ,** ਤਾਂ ਉਹ ਅੰਤਰ ਮੁਖੀ ਹੋਣ ਦੀ ਜਾਚ ਸਿਖਦਾ ਹੈ । ਇਸ ਤਰਾਂ, ਜੀਵ **ਸੁਰਤਿ ਦੀ ਇਕਾਗਰਤਾ ਦੁਆਰਾ, 'ਮਾਨਸਿਕ ਜੀਵਨ' ਵਿਚੋਂ ਨਿਕਲ ਕੇ-ਸੁੰਨ-ਸਮਾਧ ਦੇ ਸੁੰਞੇ ਖ਼ਲਾਅ ਅਥਵਾ 'ਪੁਲਾੜ'** (Space) **ਵਿਚ ਜਾ ਵੜਦਾ ਹੈ ।**

ਅਕਾਲ ਪੁਰਖ ਦੇ ਅਨੁਭਵੀ ਆਤਮਿਕ ਮੰਡਲ ਤਾਂਈਂ ਪਹੁੰਚਣ ਲਈ **ਅੰਦਰਲੀ 'ਸ਼ੂਨ' ਯਾ 'ਸੁੰਨ' ਅਵਸਥਾ ਵਿਚੋਂ ਲੰਘਣਾ ਪੈਂਦਾ ਹੈ ।** ਦੂਜੇ ਲਫ਼ਜ਼ਾਂ ਵਿਚ, ਮਾਇਆ ਦੀ ਖਾਈ ਵਿਚੋਂ ਨਿਕਲ ਕੇ ਇਲਾਹੀ 'ਬੇਗਮਪੁਰੇ' ਦੇ ਰਸਤੇ ਵਿਚ, 'ਸੁੰਨ-ਸਮਾਧ' ਯਾ 'ਪ੍ਰਮਾਰਥਿਕ ਪੁਲਾੜ' ਵੀ ਇਕ ਪੜਾਉ ਹੈ ਜਿਸ ਤਕ ਇਕਾਗਰਤਾ ਤੇ ਸਥਿਰਤਾ ਦੁਆਰਾ ਪਹੁੰਚਿਆ ਜਾ ਸਕਦਾ ਹੈ ।

ਜਦ ਜਗਿਆਸੂ ਦੀ ਸੁਰਤਿ ਮਾਨਸਿਕ 'ਸੁੰਨ-ਸਮਾਧ' ਵਿਚ ਅਸਥਿਤ ਹੋ ਜਾਂਦੀ ਹੈ ਤਾਂ ਉਸ ਨੂੰ ਕੋਈ

ਸ਼ਾਂਤੀ
ਇਕਾਂਤ
ਸੁਖ
ਠੰਢ



insipid
colourless
quiet
frightening aloneness

emptiness or zero-ness reigning therein.

The situation of man's physical, mental and spiritual levels are just like that.

We live our lives in the 'earth-like' body and experience pain and pleasure according to our actions and remain engrossed in the materialistic 'display of the gigantic drama' (of this world).

There are four stages of our lives:-

1 Physical life
2 Mental life
3 Religious life
4 Spiritual life

Having become dissatisfied with the 'play arena' of the physical and mental life, man tries to focus his attention through meditation and learns how to 'look' inwards. In this way through his focused atention, he comes out of 'mental life' and enters the solitary vacuum or space of perfect mental tranquility.

To reach the intuitional spiritual realm of the Timeless Being, one has to pass through the internal 'solitude' or 'absolute silence'. In other words coming out of the ditch of materialism and on the way to the Divine carefree destination, 'perfect mental tranquility' or 'spiritual space' is indeed one stage which can be reached through focused attention and steadfastness.

When the truth-seeker's attention remains steadfast in the mental 'perfect tranquility', then he feels some

peace
silence
comfort
coolness

ਪ੍ਰਤੀਤ ਹੁੰਦੀ ਹੈ ਜਿਸ ਵਿਚੋਂ ਨਿਕਲਨ ਨੂੰ ਦਿਲ ਨਹੀਂ ਕਰਦਾ, ਕਿਉਂਕਿ ਇਸ 'ਸੁੰਨ-ਸਮਾਧ' ਵਿਚ ਮਾਇਕੀ ਮੰਡਲ ਦੇ **'ਅਗਨ-ਸੋਕ ਸਾਗਰ'** **ਤੋਂ** **'ਬਚਾਉ'** ਹੁੰਦਾ ਹੈ। ਇਸ ਲਈ ਜਦ ਵੀ ਜਗਿਆਸੂ ਨੂੰ ਮੌਕਾ ਮਿਲਦਾ ਹੈ ਉਹ 'ਸੁੰਨ-ਸਮਾਧ' ਵਿਚ ਜ਼ਿਆਦਾ ਤੋਂ ਜ਼ਿਆਦਾ ਅਸਥਿਤ ਰਹਿਣ ਦੀ **ਕੋਸ਼ਿਸ਼** ਕਰਦਾ ਹੈ। ਇਸ ਨੂੰ **ਜੋਗੀਆਂ ਵਾਲੀ 'ਸਮਾਧੀ' ਕਿਹਾ ਜਾਂਦਾ ਹੈ।**

ਬਹੁਤ ਸਾਰੇ ਜਗਿਆਸੂ ਇਹਨਾਂ ਜੋਗੀਆਂ ਦੇ ਅਸਰ ਹੇਠ ਏਸੇ ਰੁਖੀ-ਸੁਕੀ 'ਸੁੰਨ-ਸਮਾਧ' ਵਿਚ ਪ੍ਰਵਿਰਤ ਹੋ ਜਾਂਦੇ ਹਨ ਅਤੇ ਉਥੇ ਸੰਤੁਸ਼ਟ ਹੋ ਕੇ-ਇਸ ਤੋਂ ਅਗਲੀ ਅਵਸਥਾ :—

ਪ੍ਰੇਮ-ਭਗਤ

ਸਹਿਜ-ਸਮਾਧਿ

ਸਹਿਜ-ਅਨੰਦ

ਨਾਮ

ਸਬਦੁ

**ਨੂੰ ਭੁਲ ਜਾਂਦੇ ਹਨ।** ਇਸ ਦਾ ਮਤਲਬ ਇਹ ਹੈ, ਕਿ ਜਗਿਆਸੂ ਏਸੇ **ਰੁਖੀ-ਸੁਕੀ 'ਸੁੰਨ-ਸਮਾਧ' ਨੂੰ ਹੀ ਆਤਮਿਕ ਜੀਵਨ ਦੀ 'ਮੰਜ਼ਿਲ' ਸਮਝ ਕੇ, ਆਪਣੀ ਅਸਲੀ ਉਚੀ-ਸੁਚੀ ਆਤਮਿਕ 'ਮੰਜ਼ਿਲ' ਤੋਂ ਵਾਂਝਿਆ ਰਹਿੰਦਾ ਹੈ।**

ਜਦ ਜਗਿਆਸੂ ਦੀ 'ਸਮਾਧੀ' ਖੁਲਦੀ ਹੈ ਅਤੇ ਉਸਦੀ ਸੁਰਤ **ਮੁੜ ਮਾਇਕੀ-ਮੰਡਲ ਵਿਚ ਉੱਤਰ ਆਉਂਦੀ ਹੈ, ਤਾਂ ਉਸ ਉਤੇ ਮਾਇਕੀ ਮੰਡਲ ਦਾ ਦੁਬਾਰਾ ਹਾਨੀਕਾਰਕ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ** ਅਤੇ ਉਹ ਫਿਰ **ਸਾਧਾਰਣ ਦੁਨੀਆਵੀ 'ਮਨੁਖ' ਦਾ 'ਮਨੁਖ' ਹੀ ਰਹਿ ਜਾਂਦਾ ਹੈ।**

ਐਸੇ ਜੋਗੀਆਂ ਦੀ ਸੁਰਤਿ, **'ਕੁਕੜ-ਉਡਾਰੀ'** ਦੀ ਨਿਆਈਂ **ਪ੍ਰਮਾਰਥਕ 'ਪੁਲਾੜ'** (Space) **ਤਾਂਈ ਹੀ ਸੀਮਤ ਹੁੰਦੀ ਹੈ।** ਇਸ ਤੋਂ ਅੱਗੇ **ਆਤਮਿਕ ਮੰਡਲ ਦੀ 'ਪ੍ਰੇਮਾ-ਭਗਤੀ' ਦੀ 'ਝਲਕ' ਤੋਂ ਵਾਂਝੇ ਰਹਿੰਦੇ ਹਨ** ਅਤੇ **'ਪ੍ਰੇਮ-ਰਸ' ਦਾ ਅਸਚਰਜ ਸਵਾਦ** ਨਹੀਂ ਚਖ ਸਕਦੇ।

ਇਸ ਤਰ੍ਹਾਂ ਇਹ **'ਸੁੰਨ-ਸਮਾਧ'** ਜਗਿਆਸੂ ਦੇ **ਆਤਮਿਕ ਪੰਧ ਵਿਚ ਸੂਖਮ ਤੇ ਸਬੱਲ ਰੁਕਾਵਟ ਹੈ,** ਜਿਸ ਵਿਚੋਂ ਜੋਗੀ ਆਪਣੇ-ਆਪ ਨਹੀਂ ਨਿਕਲ ਸਕਦਾ।

ਇਸ ਵਿਸ਼ੇ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਸਪਸ਼ਟ ਕੀਤਾ ਹੈ :—

**ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ ॥ ੧੦ ॥**



from which he does not feel like coming out because in this 'perfect mental tranquility' there is protection from the 'fiery-grief-ocean' of the materialistic realm. For this reason, whenever the truth-seeker gets the opportunity, he tries to remain steadfast in the posture of 'perfect mental tranquility' for as long as possible. This is known as yogic posture.

Most of the truth-seekers, under the influence of yogis become engrossed in this insipid-dry 'yogic posture' and becoming content with it forge the next stage of:-

devotional worship

deep concentration and meditation

calm-filled bliss

Naam

Shaabad (or Word).

This means that the truth-seeker, regarding this insipid-dry 'yogic posture' as his spiritual life's 'destination', remains deprived of his real lofty-pure spiritual 'destination'.

When the truth-seeker comes out of the 'deep concentration' (samadhi) and his consciousness gets back into the materialistic realm, then he begins to experience the harmful influence of the materialistic realm again and (thereby causing him to) becomes the simple worldly 'man' that he was before.

The consciousness of such yogis like the 'rooster's flight' is limited just up to the religious space. Beyond this the yogis remain deprived of the 'glitter' of 'devotional worship' of the spiritual realm and they cannot enjoy the wonderful savour of 'love-relish'.

Thus this 'yogic posture' is a subtle and powerful obstacle in the spiritual path of the truth-seeker from which he cannot come out by himself.

Gurbani has clarified this subject as follows:-

*One who becomes Gurmukh understands this; he alone finds the Way of Yoga.*

(quotation continues on the next page)

**ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ**
**ਜਿਸਨੋ ਨਦਰਿ ਕਰੇ ਸੋ ਪਾਇ ॥** (ਪੰਨਾ—909)

ਹਰਿ ਕੀ ਗਤਿ ਨਹ ਕੋਊ ਜਾਨੈ ॥
**ਜੋਗੀ ਜਤੀ ਤਪੀ ਪਚਹਾਰੇ ਅਰੁ ਬਹੁ ਲੋਗ ਸਿਆਨੇ ॥** (ਪੰਨਾ—537)

ਜੋਗੁ ਨ ਖਿੰਥਾ ਜੋਗੁ ਨ ਡੰਡੈ **ਜੋਗੁ ਨ ਭਸਮ ਚੜਾਈਐ ॥**
ਜੋਗੁ ਨ ਮੁੰਦੀ ਮੂੰਡਿ ਮੁਡਾਇਐ **ਜੋਗੁ ਨ ਸਿੰਙੀ ਵਾਈਐ ॥......**
ਜੋਗੁ ਨ ਬਾਹਰਿ ਮੜੀ ਮਸਾਣੀ **ਜੋਗੁ ਨ ਤਾੜੀ ਲਾਈਐ ॥**
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ (ਪੰਨਾ—730)

ਇਸ ਮਾਨਸਿਕ ਮੰਡਲ ਦੀ **ਫੋਕੀ 'ਸੁੰਨ-ਸਮਾਧ' ਨੂੰ ਆਤਮ ਮੰਡਲ ਦੀ 'ਪ੍ਰਾਪਤੀ' ਸਮਝਨਾ ਹੀ—ਜਗਿਆਸੂ ਦਾ ਵਡਾ ਸੂਖਮ**

**'ਭਰਮ-ਭੁਲੇਖਾ' ਹੈ ।**

ਪਰ ਇਸ ਸੂਖਮ ਪ੍ਰਮਾਰਥਕ 'ਭਰਮ ਭੁਲੇਖੇ' ਨੂੰ ਜਗਿਆਸੂ ਕੇਵਲ ਗੁਰੂ ਕਿਰਪਾ ਦੁਆਰਾ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਵਿਚ ਹੀ **ਬੁਝ-ਸੋਝ** ਸਕਦਾ ਹੈ ।

ਇਸ ਗੁਝੇ ਭੇਦ ਨੂੰ **ਗੁਰਬਾਣੀ** ਇਉਂ ਦਰਸਾਉਂਦੀ ਹੈ :—

**ਸਤਿਗੁਰੁ ਭੇਟੇ ਤਾ ਸਹਸਾ ਤੂਟੈ, ਧਾਵਤੁ ਵਰਜਿ ਰਹਾਈਐ ॥**
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ (ਪੰਨਾ—730)

**ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ**
ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ ॥
**ਕਰਿ ਭੇਖ ਨ ਪਾਈਐ ਬ੍ਰਹਮ ਜੋਗੁ ਹਰਿ ਪਾਈਐ ਸਤ ਸੰਗਤੀ**
ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ ॥ (ਪੰਨਾ—1297)

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ ॥ (ਪੰਨਾ—1420)

ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥
ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥ (ਪੰਨਾ—239)

ਥਿਰ ਥਿਰ ਚਿਤ ਥਿਰ ਹਾਂ ॥ ਬਨੁ ਗ੍ਰਿਹੁ ਸਮਸਰਿ ਹਾਂ ॥ ਅੰਤਰਿ ਏਕ ਪਿਰ ਹਾਂ ॥
ਬਾਹਰਿ ਅਨੇਕ ਧਰਿ ਹਾਂ ॥ ਰਾਜਨ ਜੋਗੁ ਕਰਿ ਹਾਂ ॥ (ਪੰਨਾ—409)



*The Path of Yoga is very difficult, Yogi; he alone finds it, whom God blesses with His Grace.* 909

1 *No one knows the state of the Lord.*
*The Yogis, the celibates, the penitents, and all sorts of clever people have failed.* 537

2 *Yoga is not the patched coat, Yoga is not the walking stick. Yoga is not smearing the body with ashes.*
*Yoga is not the ear-rings, and not the shaven head. Yoga is not the blowing of the horn...........*
*Yoga is not wandering to the tombs of the dead; Yoga is not sitting in trances.*
*Yoga is not wandering through foreign lands; Yoga is not bathing at sacred shrines of pilgrimage.* 730

To regard the hollow 'yogic postures' of this mental sphere as the success of having attained the spiritual realm is indeed the truth-seeker's great and subtle

'doubt-fallacy!'

The truth-seeker can discover-research this subtle spiritual 'doubt-fallacy' only through the Guru's grace in the company of spiritually elevated beloved ones.

This hidden secret is explained by Gurbani thus:-

1 *Meeting with the True Guru, doubt is dispelled, and the wandering mind is restrained.*
*Nectar rains down, celestial music resounds, and deep within, wisdom is obtained.* 730

2 *Some perform the six rituals and rites; the Siddhas, seekers and Yogis put on all sorts of pompous shows, with their hair all tangled and matted.*
*Yoga - Union with the Lord God - is not obtained by wearing religious robes; the Lord is found in the Sat Sangat, the True Congregation, and the Guru's Teachings. The humble Saints throw the doors wide open.* 1297

3 *Yoga is not obtained by wearing saffron robes; Yoga is not obtained by wearing dirty robes.*
*O Nanak, Yoga is obtained even while sitting in your own home, by following the Teachings of the True Guru.* 1420

4 *Through the Guru's Word, I practice Raja Yoga, the Yoga of meditation and success.*
*In the Company of the Guru, all the people of the world are saved.* 239

5 *Thus your consciousness shall be stable and steady and firm.*
*Wilderness and household are the same.*
*Deep within dwells the One Husband Lord;*
*outwardly, there are many distractions.*
*Practice Raja Yoga, the Yoga of meditation and success.* 409

L72-14

ਐਸੀ **ਫੋਕੀ ਮਾਨਸਿਕ ਸੁੰਨ ਸਮਾਧੀ** (Thoughtless state of mind) ਨਾਲ ਸਾਡਾ **ਜੀਵਨ ਬਦਲ ਨਹੀਂ ਸਕਦਾ ਅਤੇ ਨਾ ਹੀ ਆਤਮਿਕ 'ਪ੍ਰਿਮ ਪਿਆਲੇ' ਦਾ 'ਰਸ' ਅਨੁਭਵ ਹੋ ਸਕਦਾ ਹੈ।** ਬਲਕਿ ਜਗਿਆਸੂ ਨੂੰ ਆਪਣੇ **ਜੋਗ-ਅਭਿਆਸ ਦਾ ਅਭਿਮਾਨ ਹੋ ਜਾਂਦਾ ਹੈ।** ਇਸ ਤਰ੍ਹਾਂ ਅਸੀਂ ਇਸੇ **ਫੋਕੇ ਜੋਗ-ਅਭਿਆਸ ਦੀ ਸਾਧਨਾ ਵਿਚ ਸੰਤੁਸ਼ਟ ਹੋ ਕੇ ਇਲਾਹੀ 'ਪ੍ਰਿਮ-ਰਸ' ਤੋਂ ਵਾਂਝੇ ਰਹਿੰਦੇ ਹਾਂ।**

ਇਹ ਜੋਗੀਆਂ ਵਾਲੀ 'ਮਾਨਸਿਕ-ਸਮਾਧੀ' ਰਸ ਹੀਣ, ਅਫੁਰ, ਸੁੰਨ ਅਵਸਥਾ ਹੈ ਜੋ **'ਜਾਗਰਤ ਅਵਸਥਾ' ਵਿਚ ਕਾਇਮ ਨਹੀਂ ਰਹਿੰਦੀ।** ਇਸ ਲਈ ਐਸੀ ਫੋਕੀ ਸੁੰਨ ਸਮਾਧੀ ਸਾਡੇ ਜੀਵਨ ਨੂੰ **ਉਚਾ ਨਹੀਂ ਕਰ ਸਕਦੀ** ਅਤੇ **'ਆਤਮਿਕ ਪੰਧ'** ਲਈ ਬੇ-ਅਰਥ ਅਤੇ ਲਾਭ ਹੀਣ ਹੈ।

ਪਰ ਇਸ ਦੇ ਮੁਕਾਬਲੇ ਤੇ ਗੁਰਬਾਣੀ ਵਿਚ ਗੁਰੂ ਬਾਬੇ ਨੇ ਸਾਨੂੰ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਵਿਚ

**ਸ਼ਰਧਾ ਭਾਵਨੀ**

**ਪ੍ਰਿਮ ਰਸ**

**ਪ੍ਰੇਮ ਸਵੈਪਨਾ**

**ਦੇ ਉਚੇ ਸੁਚੇ ਦੈਵੀ ਵਲਵਲਿਆਂ ਨਾਲ, ਮਨ ਨੂੰ 'ਰੰਗਣ' ਦਾ ਉਪਦੇਸ਼ ਦਿਤਾ ਹੈ,** ਅਤੇ ਅੰਤਰ-ਮੁਖੀ **'ਸਬਦ-ਕਮਾਈ' ਦੀ ਜਾਚ ਸਿਖਾਈ ਹੈ।**

ਇਸ ਤਰ੍ਹਾਂ ਸਾਡੇ ਅੰਦਰ ਸਹਜ-ਸੁਭਾਇ ਗੁਰ-ਕ੍ਰਿਪਾ ਦੁਆਰਾ **'ਅਨੁਭਵ' ਖੁਲ ਜਾਂਦਾ ਹੈ** ਅਤੇ **'ਸਮਾਧੀ ਅੰਦਰ'** ਯਾ **ਸਮਾਧੀ ਤੋਂ ਨਿਕਲ ਕੇ ਚੇਤਨਤਾ ਵਿਚ ਭੀ ਕਿਸੇ ਪ੍ਰਿਮ ਰਸ ਅਥਵਾ ਪ੍ਰੇਮ ਸਵੈਪਨਾ ਦਾ ਰੰਗ ਰਸ ਮਾਣ ਸਕਦੇ ਹਾਂ।**

ਇਸੇ ਨੂੰ ਗੁਰਬਾਣੀ ਵਿਚ **'ਸਹਜ-ਸਮਾਧਿ'** ਕਿਹਾ ਗਿਆ ਹੈ—ਜੋ ਜਾਗਦਿਆਂ, ਸੁਤਿਆਂ ਜਗਿਆਸੂ ਦੀ ਬਿਰਤੀ ਨੂੰ ਕਿਸੇ ਅਕਹਿ **ਆਤਮਿਕ ਰਸ-ਰੰਗ-ਅਨੰਦ-ਚਾਓ ਵਿਚ ਇਕਸਾਰ ਰਖਦੀ ਹੈ।**

ਗੁਰਬਾਣੀ ਵਿਚ ਇਸ ਅਸਚਰਜ ਆਤਮਿਕ ਅਵਸਥਾ ਨੂੰ ਇਉਂ ਦਰਸਾਇਆ ਹੈ :-

ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥

(ਪੰਨਾ—503)



Our life cannot change with such thoughtless state of mind and neither can the relish of spiritual 'love cup' be experienced. On the contrary, the truth seeker becomes egoistic due to his yogic-practices. In this way becoming satisfied with the discipline of yogic- practices, we remain deprived of the divine 'love-relish'.

This 'mental state of mind' of the yogis is insipid, empty and a stage of nothingness which does not remain intact in the awakened state of mind. For this reason, such thoughtless state of mind cannot make our life lofty and is meaningless and without benefit for the (those on the) spiritual path.

But in comparison with this, Guru Baba Ji in Gurbani has given advice on how to 'dye' the mind with lofty pure divine feelings of

faith-filled desire
love-relish
love of the self within

in the company of spiritually elevated beloved ones and he also taught us the inner method of cultivating the Shabad or Word.

In this way, thought Guru's grace, our 'intuition' automatically opens up inside us and whether in 'deep meditation' or after coming out of this state, we can enjoy the same love relish or the love of one's own inner being in the conscious state.

In Gurbani this is said to be 'intuitive celestial meditation' which keeps the attention of the truth seeker consistently in some indescribable enjoyment-bliss-eagerness while in an awake or sleep state.

Gurbani describes this wonderful spiritual state thus:-

*Some remain absorbed in Samaadhi, their minds fixed lovingly on the One Lord; they reflect only on the Word of the Shabad.*
*In that state, there is no water, land, earth or sky; only the Creator Lord Himself exists.* 503

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾ ਹਰਿ ਗੁਨ ਗਾਈ ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥ (ਪੰਨਾ—1232)
ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥
ਅਨਦਿਨੁ ਸਹਜ ਸਮਾਧਿ ਹਰਿ ਲਾਗੀ
ਹਰਿ ਜਪਿਆ ਗਹਿਰ ਗੰਭੀਰਾ ॥ (ਪੰਨਾ—574)
ਦੇਖਿ ਅਚਰਜ ਰਹੇ ਬਿਸਮਾਦਿ ॥
ਘਟਿ ਘਟਿ ਸੁਰ ਨਰ ਸਹਜ ਸਮਾਧਿ ॥ (ਪੰਨਾ—416)

ਇਹਨਾਂ **ਦੋਹਾਂ ਕਿਸਮਾਂ ਦੀਆਂ ਸਮਾਧੀਆਂ ਦੇ ਨਿਰਨੇ ਲਈ ਹੇਠਾਂ ਬਿਓਰਾ** ਦਿਤਾ ਜਾਂਦਾ ਹੈ :—

**ਜੋਗੀਆਂ ਵਾਲੀ ਮਾਨਸਿਕ 'ਸੁੰਨ-ਸਮਾਧਿ'** — **'ਪ੍ਰੇਮ-ਭਗਤ' ਦੀ 'ਸਹਜ ਸਮਾਧਿ'**
ਤ੍ਰੈ-ਗੁਣੀ 'ਮਾਇਕੀ ਮੰਡਲ' ਦੀ ਪ੍ਰਵਿਰਤੀ ਹੈ — 'ਆਤਮਿਕ ਮੰਡਲ' ਦੀ ਖੇਲ ਹੈ
ਮਾਨਸਿਕ ਸ਼ਾਂਤੀ ਦੀ 'ਸੋਧ' ਹੈ । — 'ਪ੍ਰੇਮ-ਭਗਤ' ਦੀ ਆਤਮਿਕ 'ਸੋਧ' ਹੈ ।
ਮੈਂ-ਮੇਰੀ ਦਾ ਬੋਲ-ਬਾਲਾ ਹੈ । — 'ਤੂੰ-ਤੇਰੀ' ਦਾ ਵਰਤ ਵਰਤਾਰਾ ਹੈ ।
'ਸੁੰਨ' ਅਵਸਥਾ ਹੈ । — **ਆਤਮਿਕ ਪ੍ਰੇਮ-ਸਵੈਪਨਾ' ਹੈ ।**
'ਰਸ' ਹੀਣ ਹੈ । — **ਪ੍ਰਿਮ ਰਸ ਹੈ ।**
'ਰੰਗ' ਹੀਣ ਹੈ । — **'ਪ੍ਰੇਮ ਰੰਗ' ਹੈ ।**
ਮਾਨਸਿਕ ਰੁਖੀ ਸੁਖੀ 'ਇਕਾਂਤ' ਹੈ । — **ਆਤਮਿਕ 'ਰਹਿਸਮਈ' ਚਾਓ ਹੈ ।**
ਮਾਇਆ ਦਾ ਆਰਜ਼ੀ 'ਤਿਆਗ' ਹੈ । — **ਮਾਇਆ ਵਿਚ ਉਦਾਸੀ ਹੈ ।**
ਰਿੱਧੀਆਂ-ਸਿੱਧੀਆਂ ਦਾ ਵਰਤਾਰਾ ਹੈ । — **'ਭਾਣੇ' ਵਿਚ ਰਹਿਣਾ ਹੈ ।**
'ਨਾਟਕ-ਚੇਟਕ' ਦਾ ਖੇਲ ਅਖਾੜਾ ਹੈ । — **'ਪ੍ਰੇਮ-ਭਗਤ' ਦੀ ਮਸਤੀ ਹੈ ।**
'ਸੂਖਮ ਅਭਿਮਾਨ' ਦਾ ਕਾਰਨ ਹੈ । — **'ਪ੍ਰਿਮ-ਰਸ' ਵਿਚ 'ਗਵਾਚਣਾ' ਹੈ ।**
'ਅਫੁਰ' ਹੈ — **'ਪ੍ਰਿਮ-ਰਸ' ਦਾ 'ਗਿੜਾਓ' ਹੈ ।**
ਆਪਣੀ 'ਸਖਸੀ ਕਲਿਆਨ' ਹੈ । — **ਪਰਉਪਕਾਰ ਉਮਾਹਾ ਹੈ ।**
ਸਮਾਧੀ ਖੁਲਣ ਤੇ ਫਿਰ 'ਮਾਇਆ ਦੀ **ਛਾਇਆ ਹੈ ।** — **ਦੋਹਾਂ ਅਵਸਥਾਵਾਂ ਵਿਚ 'ਪ੍ਰੀਤ-ਡੋਰੀ' ਦੀ 'ਖਿੱਚ' ਹੈ ।**
ਰਸ ਹੀਣ ਸਮਾਧੀ 'ਤਪ' ਜਾਂਦੀ ਹੈ । — **'ਖੁਨਕ-ਨਾਮ' ਹੈ ।**
'ਹਉ' ਦੀ ਘਾਲਣਾ ਹੈ । — **'ਨਦਰ-ਕਰਮ' ਹੈ ।**
ਮਾਨਸਿਕ 'ਪ੍ਰਾਪਤੀ' ਹੈ । — **ਆਤਮਿਕ 'ਛੋਹ' ਹੈ ।**
'ਵਰ-ਸਰਾਪ' ਦਾ ਵਰਤਾਰਾ ਹੈ । — **'ਦਇਆ-ਖਿਮਾ' ਦਾ ਵਰਤਾਰਾ ਹੈ ।**



1 *I am absorbed in celestial samaadhi, lovingly attached to the Lord forever. I live by singing the Glorious Praises of the Lord.*
*Imbued with the Word of the Guru's Shabad, I have become detached from the world. In the profound primal trance, I dwell within the home of my own inner being.* *1232*

2 *As Gurmukh, chanting the Naam, all disease is eradicated, and the body becomes free of disease.*
*Night and day, one remains absorbed in the Perfect Poise of Samaadhi; meditate on the Name of the Lord, the inaccessible and unfathomable Lord.574*

3
*Beholding the Marvellous Lord, I am wonder-struck and astonished.*
*In each and every heart, of the angels and holy men, He dwells in celestial Samaadhi.* *416*

To make a distinction between the two types of meditations, a table is given below:-

| | yogic practices | intuitive celestial mediation of devotional worship |
|---|---|---|
| 1 | Is a natural tendency of the triguni (three phased) materialistic realm | Is a play of the spiritual realm |
| 2 | Is a 'guide' for mental peace | Is a spiritual guide for 'devotional worship' |
| 3 | Is the prevalence of 'me-mineness' | Is the flourishing of 'you-yours' |
| 4 | Is a state of 'emptiness' | Is spiritual love of one's inner self |
| 5 | Is without relish | Is love-relish |
| 6 | Is without the colour of love | Is (filled with) the colour of love |
| 7 | Is insipid 'loneliness' | Is spiritual relish-filled joy |
| 8 | There is temporary 'forsaking' of materialism | There is detachment in materialism |
| 9 | There is the flourishing of miracles | There is living according to divine will |
| 10 | Is the play arena of dramatic entertainment | Is the intoxication of devotional worship |
| 11 | Is the cause of 'subtle egotism' | Is getting lost in the love-relish |
| 12 | Is loneliness | Is the blossoming of love-relish |
| 13 | Is personal salvation | Is the exuberance of benevolence |
| 14 | After mediation materialism makes its appearance again | In both stages there is the pull of 'love-cord' |
| 15 | Insipid meditation gets 'heated' | Here the 'Naam cools' |
| 16 | Is the effort of 'egotism' | Is the 'glance of grace' |
| 17 | Is mental success pr acquirement | Is the spiritual touch |
| 18 | blessings – curses flourish here | mercy-forgiveness flourish here |

| | | |
|---|---|---|
| 'ਮੁਕਤੀ' ਹੀ 'ਮੰਜ਼ਿਲ' ਹੈ । | — | 'ਪ੍ਰੀਤ ਚਰਨ ਕਮਲ' ਦੀ ਮੌਜ ਹੈ । |
| 'ਹਠ-ਜੋਗ' ਹੈ । | — | 'ਸਹਿਜ-ਜੋਗ' ਹੈ । |
| 'ਭਰਮ' ਦਾ ਅੰਧ ਗੁਬਾਰ ਹੈ । | — | ਸ਼ਬਦ ਦਾ ਪ੍ਰਕਾਸ਼ ਹੈ । |
| 'ਜਨਮ-ਮਰਨ' ਵਿਚ ਹੈ । | — | 'ਸਦ ਜੀਵੈ' ਹੈ । |

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**
(ਪੰਨਾ—522)

In our search for *'peace of mind'*—we undertake many kinds of yogic exercises, such as :—

transcendental meditation
kundalini ,,
yogic ,,
Inner peace exercises
Tantric science
Occult ,,
Self realisation courses.

But these yogic exercises can only take us to the empty space of 'Zeroness' or 'Nothingness', which gives us temporary relief from the maddening materialistic tumult so long as we remain in the meditative state of mind. As soon as we come out of these yogic exercises—we are again *exposed to the baneful effects of materialistic world* and *loose our 'peace of mind'*.

In our ignorance *and illusion we take this temporary 'peace of mind'* as our *ultimate spiritual goal,* and are quite *satisfied* in this state of *transcendental consciousness.*

Thereby, we deprive ourselves of the Real Blessings of Permanent, and Infinite

Divine grace
Divine love
Divine peace
Divine compassion
Divine heritage.

Therefore, this *conception about 'Peace of Mind'* becomes a great ILLUSION, and *tremendous obstacle* in the advancement of the soul towards the ultimate Divine Goal.

ਚਲਦਾ...



| | | |
|---|---|---|
| | yogic practices | intuitive celestial mediation of devotional worship |
| 19 | 'salvation' indeed is the 'destination' | Is the comfort of the 'love of the lous feet' |
| 20 | Is yoga which imposes physical self-restraints | Is intuitive yoga |
| 21 | There is pitch darkness of 'illusion' | There is the illumination of the Shabad |
| 22 | There is 'birth-death' | There is eternal life |

*O Nanak, meeting the True Guru, one comes to know the Perfect Way.*
*While laughing, playing, dressing and eating, he is liberated.* 522

In our search for *'peace of mind'*—we undertake many kinds of yogic exercises, such as :—

transcendental meditation
kundalini ,,
yogic ,,
Inner peace exercises
Tantric science
Occult ,,
Self realisation courses.

But these yogic exercises can only take us to the empty space of 'Zeroness' or 'Nothingness', which gives us temporary relief from the maddening materialistic tumult so long as we remain in the meditative state of mind. As soon as we come out of these yogic exercises—we are again *exposed to the baneful effects of materialistic world* and *loose our 'peace of mind'*.

In our ignorance *and illusion we take this temporary 'peace of mind'* as our *ultimate spiritual goal,* and are quite *satisfied* in this state of *transcendental consciousness.*

Thereby, we deprive ourselves of the Real Blessings of Permanent, and Infinite

Divine grace
Divine love
Divine peace
Divine compassion
Divine heritage.

Therefore, this *conception about 'Peace of Mind'* becomes a great ILLUSION, and *tremendous obstacle* in the advancement of the soul towards the ultimate Divine Goal.